# ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ
# ਸਟੇਟ ਪ੍ਰਾਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34-A, ਚੰਡੀਗੜ, ਫੋਨ ਨੰ: 0172-5015864, 5015865 ਈਮੇਲ: iedpunjabssa@gmail.com

ਵੱਲ

ਸਮੂਹ ਸਕੂਲ ਮੁੱਖੀ
ਪੰਜਾਬ।

ਮੀਮੋ ਨੰ: ਆਈ.ਈ.ਡੀ./ਸਸਅ/2013/000512-533 ਮਿਤੀ: 09/01/2013

**ਵਿਸ਼ਾ: ਦਿਲ ਵਿੱਚ ਛੇਕ ਅਤੇ ਕੈਂਸਰ ਤੋਂ ਪੀੜਤ ਬੱਚਿਆਂ ਨੂੰ ਇਲਾਜ ਲਈ ਹਸਪਤਾਲ/ ਦਫ਼ਤਰ ਡਾਇਰੈਕਟਰ ਸਿਹਤ ਸੇਵਾਵਾਂ ਪੰਜਾਬ ਚੰਡੀਗੜ੍ਹ ਵਿਖੇ ਭੇਜਣ ਸਬੰਧੀ।**

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2. ਜਿਵੇਂ ਕਿ ਆਪ ਨੂੰ ਪਤਾ ਹੋਵਗਾ ਕਿ ਸਿੱਖਿਆ ਵਿਭਾਗ ਵੱਲੋਂ ਦਿਲ ਵਿੱਚ ਛੇਕ ਅਤੇ ਕੈਂਸਰ ਤੋਂ ਪੀੜਿਤ ਬੱਚਿਆਂ ਦਾ ਮੁਫਤ ਇਲਾਜ ਐਨ.ਆਰ.ਐਚ.ਐਮ. ਸਕੀਮ ਅਧੀਨ ਪੀ.ਜੀ.ਆਈ. ਚੰਡੀਗੜ੍ਹ ਅਤੇ ਹੋਰ ਪ੍ਰਾਇਵੇਟ ਹਸਪਤਾਲਾਂ ਵਿੱਚ ਕਰਵਾਇਆ ਜਾ ਰਿਹਾ ਹੈ।

3. ਇਸ ਸਬੰਧੀ ਵਿਭਾਗ ਵੱਲੋਂ ਅੰਮ੍ਰਿਤਸਰ, ਲੁਧਿਆਣਾ ਅਤੇ ਚੰਡੀਗੜ੍ਹ ਵਿਖੇ ਨੋਡਲ ਅਫ਼ਸਰ ਵੀ ਤਾਇਨਾਤ ਕੀਤੇ ਹੋਏ ਹਨ, ਜਿਨ੍ਹਾਂ ਵੱਲੋਂ ਬੱਚਿਆਂ ਦਾ ਇਲਾਜ ਕਰਵਾਉਣ ਵਿੱਚ ਬੱਚਿਆਂ ਦੇ ਮਾਤਾ-ਪਿਤਾ ਦਾ ਪੂਰੀ ਤਰ੍ਹਾਂ ਸਹਿਯੋਗ ਦਿੱਤਾ ਜਾਂਦਾ ਹੈ।

4. ਇਸ ਸਬੰਧੀ ਦੇਖਣ ਵਿੱਚ ਆਇਆ ਹੈ ਕਿ ਕਈ ਬੱਚਿਆਂ ਦੇ ਮਾਤਾ-ਪਿਤਾ ਬੱਚਿਆਂ ਦਾ ਇਲਾਜ ਕਰਵਾਉਣ ਲਈ ਬਿਨਾਂ ਕਿਸੇ ਅਧਿਕਾਰੀ ਨੂੰ ਸੂਚਿਤ ਕੀਤੇ ਸਿੱਧੇ ਤੌਰ ਤੇ ਪੀ.ਜੀ.ਆਈ. ਚੰਡੀਗੜ੍ਹ ਵਿਖੇ ਪਹੁੰਚ ਜਾਂਦੇ ਹਨ, ਜਿੱਥੇ ਉਹਨਾਂ ਨੂੰ ਬਹੁਤ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਮਾਤਾ-ਪਿਤਾ ਦਫ਼ਤਰ ਡਾਇਰੈਕਟਰ ਸਿਹਤ ਸੇਵਾਵਾਂ ਪੰਜਾਬ ਵੱਲੋਂ ਕਾਗਜ਼ੀ ਕਾਰਵਾਈ ਪੂਰੀ ਕਰਵਾਏ ਬਿਨਾ ਹੀ ਸਿੱਧੇ ਪੀ.ਜੀ.ਆਈ. ਵਿੱਚ ਬੱਚੇ ਨੂੰ ਲੈ ਜਾਂਦੇ ਹਨ ਜਿਸ ਨਾਲ ਉਹਨਾਂ ਦਾ ਇਲਾਜ ਮੁਫਤ ਨਹੀਂ ਹੋ ਪਾਂਦਾ ਹੈ।

5. ਉਕਤ ਸਥਿਤੀ ਨੂੰ ਧਿਆਨ ਵਿੱਖ ਰੱਖਦੇ ਹੋਏ ਆਪ ਨੂੰ ਲਿਖਿਆ ਜਾਂਦਾ ਹੈ ਕਿ ਜੇਕਰ ਆਪ ਦੇ ਧਿਆਨ ਵਿੱਚ ਕੋਈ ਅਜਿਹਾ ਬੱਚਾ ਆਉਂਦਾ ਹੈ ਜਾਂ ਆਪ ਕਿਸੇ ਅਜਿਹੇ ਬੱਚੇ ਨੂੰ ਇਲਾਜ ਲਈ ਭੇਜਦੇ ਹੋ ਤਾਂ ਇਹਨਾਂ ਦੇ ਮਾਤਾ-ਪਿਤਾ ਨੂੰ ਇਲਾਜ ਲਈ ਸਿੱਧਾ ਨਾ ਭੇਜਿਆ ਜਾਵੇ। ਬਲਕਿ ਆਪ ਵੱਲੋਂ ਮਾਤਾ-ਪਿਤਾ ਨੂੰ ਦੱਸਿਆ ਜਾਵੇ ਕਿ ਉਹ ਬੱਚੇ ਨੂੰ ਹਸਪਤਾਲ ਲਿਜਾਣ ਤੋਂ ਪਹਿਲਾਂ ਸਬੰਧਤ ਜ਼ਿਲ੍ਹੇ ਦੇ ਆਈ.ਈ.ਡੀ. ਕੋਆਰਡੀਨੇਟਰ ਜਾਂ ਡੀ.ਐਸ.ਈ. ਜਾਂ ਨੋਡਲ ਅਫ਼ਸਰ ਨਾਲ ਇਸ ਸਬੰਧੀ ਟੈਲੀਫੋਨ ਰਾਹੀਂ ਤਾਲਮੇਲ ਕਰਨ ਅਤੇ ਫੇਰ ਹੀ ਤਰੀਖ ਮੁਕਰਰ ਕਰਕੇ ਬੱਚੇ ਨੂੰ ਹਸਪਤਾਲ ਲੈ ਕੇ ਜਾਣ, ਤਾਂ ਜੋ ਬੱਚਿਆਂ ਦਾ ਇਲਾਜ ਕਰਵਾਉਣ ਵਿੱਚ ਮਾਤਾ-ਪਿਤਾ ਨੂੰ ਦਿੱਕਤਾਂ ਨਾ ਆਉਣ ਅਤੇ ਇਲਾਜ ਸਮੇਂ ਤੇ ਹੋ ਸਕੇ।

6. ਸਬੰਧਤ ਜ਼ਿਲ੍ਹਾ ਅਧਿਕਾਰੀਆਂ ਦੀ ਸੂਚੀ ਨਾਲ ਨੱਥੀ ਹੈ।

ਕਾਹਨ ਸਿੰਘ ਪੰਨੂ, ਆਈ.ਏ.ਐਸ.
ਸਕੱਤਰ-ਕਮ-ਡਾਇਰੈਕਟਰ ਜਨਰਲ
ਸਕੂਲ ਸਿੱਖਿਆ, ਪੰਜਾਬ।

# ਜ਼ਿਲ੍ਹਾ ਆਈ.ਈ.ਡੀ. ਅਧਿਕਾਰੀਆਂ ਦੀ ਸੂਚੀ

| ਲੜੀ ਨੰ | ਜ਼ਿਲ੍ਹਾ | ਅਧਿਕਾਰੀ ਦਾ ਨਾਮ | ਫੋਨ ਨੰਬਰ |
|---|---|---|---|
| 1. | ਨੋਡਲ ਅਫ਼ਸਰ, ਅੰਮ੍ਰਿਤਸਰ | ਸ੍ਰੀ ਹਰਜਿੰਦਰ ਸਿੰਘ | 87290-11313 |
| 2. | ਨੋਡਲ ਅਫ਼ਸਰ, ਲੁਧਿਆਣਾ | ਸ੍ਰੀ ਦੀਪਕ ਬਜਾਜ | 97803-00461 |
| 3. | ਨੋਡਲ ਅਫਸਰ, ਚੰਡੀਗੜ/ ਪੰਜਾਬ | ਸ਼੍ਰੀ ਭਵਨੀਤ ਗੁਪਤਾ | 98728-34324 |
| 4. | ਅੰਮ੍ਰਿਤਸਰ | ਸ਼੍ਰੀ ਧਰਮਿੰਦਰ ਸਿੰਘ | 98888-87666 |
| 5. | ਅਜੀਤਗੜ੍ਹ | ਸ਼੍ਰੀ ਦਵਿੰਦਰ ਸਿੰਘ | 84276-48884 |
| 6. | ਬਰਨਾਲਾ | ਸ੍ਰੀ ਰਾਕੇਸ਼ ਸ਼ਰਮਾ | 95018-37100 |
| 7. | ਬਠਿੰਡਾ | ਸ੍ਰੀ ਦਵਿੰਦਰ ਕੁਮਾਰ | 84276-47092 |
| 8. | ਫਤਿਹਗੜ੍ਹ ਸਾਹਿਬ | ਸ਼੍ਰੀ ਗੁਰਵਿੰਦਰ ਪਾਲ ਸਿੰਘ | 81464-11666 |
| 9. | ਫਰੀਦਕੋਟ | ਸ਼੍ਰੀ ਅਮਨਿੰਦਰ ਸਿੰਘ | 98150-05808 |
| 10. | ਫਿਰੋਜ਼ਪੁਰ | ਸ਼੍ਰੀ ਭੁਪਿੰਦਰ ਸਿੰਘ | 95013-00040 |
| 11. | ਫਾਜ਼ਿਲਕਾ | ਸ੍ਰੀ ਨਿਸ਼ਾਂਤ ਅਗਰਵਾਲ | 81462-97127 |
| 12. | ਗੁਰਦਾਸਪੁਰ | ਸ੍ਰੀ ਅਮ੍ਰੀਕ ਸਿੰਘ | 97791-39949 |
| 13. | ਹੁਸ਼ਿਆਰਪੁਰ | ਸ਼੍ਰੀ ਸੁਖਵਿੰਦਰ ਸਿੰਘ | 98765-11999 |
| 14. | ਜਲੰਧਰ | ਸ੍ਰੀ ਰਾਜੂ ਚੌਧਰੀ | 81460-66887 |
| 15. | ਕਪੂਰਥਲਾ | ਸ੍ਰੀ ਅਨਿਲ ਸ਼ਰਮਾ | 95017-84100 |
| 16. | ਲੁਧਿਆਣਾ | ਸ਼੍ਰੀ ਗੁਲਜ਼ਾਰ ਸ਼ਾਹ | 98146-97007 |
| 17. | ਮਾਨਸਾ | ਸ੍ਰੀ ਬਲਵਿੰਦਰ ਸਿੰਘ | 95014-55733 |
| 18. | ਮੋਗਾ | ਸ੍ਰੀ ਮਨੂੰ ਸ਼ਰਮਾ | 98143-93935 |
| 19. | ਮੁਕਤਸਰ | ਸ਼੍ਰੀ ਅਮਰਗੁਰਪ੍ਰੀਤ ਸਿੰਘ | 98155-00144 |
| 20. | ਨਵਾਂ ਸ਼ਹਿਰ | ਸ਼੍ਰੀ ਜ਼ਸਵੀਰ ਸਿੰਘ | 81461-93928 |
| 21. | ਪਟਿਆਲਾ | ਸ੍ਰੀ ਰਵਿੰਦਰ ਸਿੰਘ | 99144-65633 |
| 22. | ਪਠਾਨਕੋਟ | ਸ਼੍ਰੀ ਹਰੀਸ਼ ਕੁਮਾਰ | 84277-47788 |
| 23. | ਰੋਪੜ | ਸ੍ਰੀ ਸ਼ਿਵਜੀਤ ਸਿੰਘ | 96468-00306 |
| 24. | ਸੰਗਰੂਰ | ਸ੍ਰੀਮਤੀ ਕਰਮਜੀਤ ਕੌਰ | 97803-23717 |
| 25. | ਤਰਨਤਾਰਨ | ਸ਼੍ਰੀ ਅਨੁਜ ਚੌਧਰੀ | 81466-17381 |